**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ),ਪੰਜਾਬ,**
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**, ਮੁਹਾਲੀ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ।

ਮੀਮੋ ਨੰ:- Pre Pri/Guidelines/2018655/80 ਮਿਤੀ:- 09-11-2018

ਵਿਸ਼ਾ:- **ਰਾਜ ਵਿੱਚ 14 ਨਵੰਬਰ ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਦਾ ਇੱਕ ਸਾਲ ਪੂਰਾ ਹੋਣ 'ਤੇ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਬਾਲ ਮੇਲਾ ਆਯੋਜਿਤ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਪ੍ਰੀ-ਪ੍ਰਾਇਮਰੀ ਜਮਾਤਾਂ 14-11-2017 ਨੂੰ ਸ਼ੁਰੂ ਕੀਤੀਆਂ ਗਈਆਂ ਸਨ।ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਦਾ ਉਦੇਸ਼ ਤਿੰਨ ਤੋਂ ਛੇ ਸਾਲ ਦੇ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਗ੍ਰਹਿਣ ਕਰਨ ਲਈ ਤਿਆਰ ਕਰਨਾ ਅਤੇ ਉਹਨਾਂ ਦਾ ਸਰਵ-ਪੱਖੀ ਵਿਕਾਸ ਕਰਨਾ ਹੈ।

3.0 ਵਿਭਾਗ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਮਿਤੀ 14-11-2018 ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਦੀ ਸ਼ੁਰੂਆਤ ਹੋਏ ਇੱਕ ਸਾਲ ਪੂਰਾ ਹੋਣ 'ਤੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਲਈ ਬਾਲ ਮੇਲਾ ਆਯੋਜਿਤ ਕੀਤਾ ਜਾਵੇ।

4.0 ਪ੍ਰੀ-ਪ੍ਰਾਇਮਰੀ ਬਾਲ ਮੇਲੇ ਦੇ ਆਯੋਜਨ ਲਈ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਹੋਣਗੇ:

4.1 ਇਹ ਬਾਲ ਮੇਲਾ ਹਰ ਉਸ ਸਕੂਲ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਪ੍ਰੀ-ਪ੍ਰਾਇਮਰੀ ਜਮਾਤ ਚਲਾਈ ਜਾ ਰਹੀ ਹੈ।

4.2 ਇਸ ਬਾਲ ਮੇਲੇ ਲਈ ਪਿੰਡ ਦੇ ਸਰਪੰਚ, ਪੰਚਾਇਤ ਮੈਂਬਰਾਂ, ਸਕੂਲ ਮੇਨੈਜਮੈਂਟ ਕਮੇਟੀ ਮੈਬਰਾਂ, ਬੱਚਿਆਂ ਦੇ ਮਾਪਿਆਂ, ਪਤਵੰਤੇ ਸੱਜਣਾ, 3-6 ਸਾਲ ਦੇ ਸਕੂਲੋਂ ਬਾਹਰ ਬੱਚੇ ਅਤੇ ਉਹਨਾਂ ਦੇ ਮਾਪਿਆਂ ਅਤੇ ਆਂਗਣਵਾੜੀ ਵਰਕਰ/ਹੈਲਪਰ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਵੇ।

4.3 ਇਸ ਬਾਲ ਮੇਲੇ ਲਈ ਪ੍ਰੀ-ਪ੍ਰਾਇਮਰੀ ਦੇ ਬੱਚਿਆਂ ਨਾਲ ਉਹਨਾਂ ਦੇ ਮਾਂ-ਬਾਪ ਨੂੰ ਸਕੂਲ ਵਿੱਚ ਆਉਣ ਲਈ ਪ੍ਰੇਰਿਤ ਕੀਤਾ ਜਾਵੇ।

4.4 ਹਰ ਸਕੂਲ ਵੱਲੋਂ ਕਿਸੇ ਖੁੱਲ੍ਹੇ ਸਥਾਨ 'ਤੇ ਪੰਜ ਸਟਾਲ ਲਗਾਏ ਜਾਣਗੇ ਜੋ ਕਿ ਬੱਚਿਆਂ ਦੇ ਵੱਖ-ਵੱਖ ਵਿਕਾਸ 'ਤੇ ਅਧਾਰਿਤ ਹੋਣਗੇ, ਜਿਵੇਂ ਕਿ ਸਰੀਰਕ ਵਿਕਾਸ, ਭਾਸ਼ਾਈ ਵਿਕਾਸ, ਬੌਧਿਕ ਵਿਕਾਸ, ਰਚਨਾਤਮਿਕ ਵਿਕਾਸ ਅਤੇ ਰਿਪੋਰਟ ਕਾਰਡ।ਇਹਨਾਂ ਸਟਾਲਾਂ 'ਤੇ ਵਿਕਾਸ ਅਨੁਸਾਰ ਲੋੜੀਂਦਾ ਸਮਾਨ ਰੱਖਿਆ ਜਾਵੇ।ਇਹਨਾਂ ਵੱਖ-ਵੱਖ ਵਿਕਾਸ ਦੇ ਸਟਾਲਾਂ 'ਤੇ ਹੇਠ ਲਿਖੇ ਅਨੁਸਾਰ ਹਰ ਬੱਚੇ ਤੋਂ ਕੋਈ ਦੋ ਵਿਕਾਸ ਅਧਾਰਿਤ ਗਤੀਵਿਧੀਆਂ ਕਰਵਾਈਆਂ ਜਾ ਸਕਦੀਆਂ ਹਨ:

4.4.1 **ਸਰੀਰਕ ਵਿਕਾਸ**: ਟੇਡੀ-ਮੇਡੀ ਲਾਈਨ ਤੇ ਚੱਲਣਾ, ਗੋਲੇ ਦੇ ਅੰਦਰ ਬਾਹਰ ਕੁੱਦਣਾ, ਕਿਤਾਬ ਸਿਰ ਤੇ ਰੱਖਕੇ ਸਿੱਧੀ ਲਾਈਨ ਤੇ ਚੱਲਣਾ, ਰੱਸੀ ਕੁੱਦਣਾ, ਬਾਲਟੀ ਵਿੱਚ ਗੇਂਦ ਪਾਉਣਾ, ਬੋਤਲਾਂ ਡੇਗਣੀਆਂ।

4.4.2 **ਭਾਸ਼ਾਈ ਵਿਕਾਸ**: ਆਪਣੇ ਬਾਰੇ ਦੱਸਣਾ, ਕਵਿਤਾ ਜਾਂ ਬਾਲ ਗੀਤ ਸੁਣਾਉਣਾ, ਅੱਖਰਾਂ ਦੀ ਪਹਿਚਾਣ ਕਰਨਾ, ਤਸਵੀਰ (ਫ਼ਲ, ਸਬਜੀ, ਜਾਨਵਰ) ਦੇਖ ਕੇ ਨਾਮ ਦੱਸਣਾ।

4.4.3 **ਬੌਧਿਕ ਵਿਕਾਸ**: ਵਰਗੀਕਰਣ (ਰੰਗ, ਆਕਾਰ, ਫ਼ਲ-ਸਬਜੀਆਂ), ਪਜ਼ਲ (ਤਿੰਨ ਜਾਂ ਚਾਰ ਕੱਟ), ਅੰਤਰ ਦੱਸਣਾ (ਸਖ਼ਤ-ਨਰਮ, ਠੰਡਾ-ਗਰਮ, ਹਲਕਾ-ਭਾਰੀ),ਵਸਤੂਆਂ ਨੂੰ ਗਿਣਨਾ (1-9)

4.4.4 **ਰਚਨਾਤਮਿਕ ਵਿਕਾਸ**: ਕਲੇਅ (ਮੁੰਡੀ ਬਣਾਓ), ਪੇਪਰ ਮੋੜਨਾ (ਕਿਸ਼ਤੀ, ਜਹਾਜ਼, ਅਲਮਾਰੀ ਆਦਿ), ਮਨਪਸੰਦ ਚਿੱਤਰ ਬਣਾਕੇ ਰੰਗ ਭਰਨਾ, ਕੋਲਾਜ (ਬਿੰਦੂਆਂ ਦੀ ਮਦਦ ਨਾਲ ਚਿੱਤਰ ਬਣਾਕੇ ਗੋਲੀਆਂ ਚਿਪਕਾਉਣਾ), ਆਸਾਨ ਅੱਖਰ ਜਾਂ ਅੰਕ ਵੇਖਕੇ ਲਿਖਣਾ।

4.5 ਸਕੂਲ ਅਧਿਆਪਕ ਪ੍ਰੀ-ਪ੍ਰਾਇਮਰੀ ਬਾਲ ਮੇਲੇ ਦੌਰਾਨ ਲਗਾਏ ਜਾਣ ਵਾਲੇ ਸਟਾਲਾਂ 'ਤੇ ਕੀਤੇ ਜਾਣ ਵਾਲੇ ਕੰਮ ਲਈ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ ਮਦਦ ਲੈ ਸਕਦੇ ਹਨ ਅਤੇ ਇਹਨਾਂ ਵਿਦਿਆਰਥੀਆਂ ਨੂੰ ਮੇਲੇ ਦੌਰਾਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦਾ ਸੰਚਾਲਨ ਕਰਨ ਸਬੰਧੀ ਸਿਖਲਾਈ ਪਹਿਲਾਂ ਤੋਂ ਹੀ ਦਿੱਤੀ ਜਾਵੇ।

4.6 ਸਕੂਲ ਪਹੁੰਚਣ ਸਮੇਂ ਪ੍ਰੀ-ਪ੍ਰਾਇਮਰੀ ਦਾ ਬੱਚਾ ਅਤੇ ਉਸ ਦੇ ਮਾਂ-ਬਾਪ ਹਰ ਇੱਕ ਸਟਾਲ 'ਤੇ ਜਾਣਗੇ ਅਤੇ ਉਸ ਸਟਾਲ ਦੇ ਇੰਚਾਰਜ ਵਿਦਿਆਰਥੀ, ਬੱਚਿਆਂ ਨੂੰ ਵਿਕਾਸ ਅਧਾਰਿਤ ਗਤੀਵਿਧੀਆਂ ਕਰਵਾਉਣਗੇ। ਹਰ ਗਤੀਵਿਧੀ ਨੂੰ ਸਫਲਤਾ ਨਾਲ ਕਰਨ ਉਪਰੰਤ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਜਾਵੇ।

4.7 ਪੰਜਵੇਂ ਸਟਾਲ 'ਤੇ ਅਧਿਆਪਕ ਬੱਚਿਆਂ ਦੇ ਮਾਪਿਆਂ ਨਾਲ ਉਹਨਾਂ ਦੇ ਬੱਚੇ ਦੀ ਰਿਪੋਰਟ ਕਾਰਡ ਵਿੱਚ ਦਰਜ ਪਹਿਲੇ ਮੁਲਾਂਕਣ ਦੇ ਨਤੀਜੇ ਸਾਂਝੇ ਕਰੇਗਾ ਅਤੇ ਹੁਣ ਤੱਕ ਬੱਚਿਆਂ ਵੱਲੋਂ ਕੀਤੇ ਗਏ ਕੰਮਾਂ ਅਤੇ ਵਿਕਾਸ ਸਬੰਧੀ ਜਾਣਕਾਰੀ ਮਾਂ-ਬਾਪ ਨੂੰ ਦੇਵੇਗਾ।

4.8 ਇਸ ਦਿਨ ਫੈਂਸੀ ਡ੍ਰੈਸ, ਸੋਲੋ ਡਾਂਸ, ਗੁਬਾਰੇ ਦੀ ਗਤੀਵਿਧੀ, ਬਾਲ ਗੀਤਾਂ ਦਾ ਵੀ ਆਯੋਜਨ ਕੀਤਾ ਜਾ ਸਕਦਾ ਹੈ।

4.9 ਪ੍ਰੀ-ਪ੍ਰਾਇਮਰੀ ਦੇ ਕਮਰੇ/ਕਾਰਨਰ ਵਿੱਚ ਖਾਸ ਤੌਰ 'ਤੇ ਫਰੀ ਪਲੇਅ ਕਾਰਨਰ ਸਥਾਪਿਤ ਕੀਤਾ ਜਾਵੇ ਅਤੇ ਪਿੰਡ/ਸ਼ਹਿਰ/ਇਲਾਕੇ ਵਿੱਚ 3-6 ਸਾਲ ਦੇ ਸਕੂਲੋਂ ਬਾਹਰ ਬੱਚਿਆਂ ਨੂੰ ਇਸ ਕਾਰਨਰ ਵਿੱਚ ਖੇਡਣ ਲਈ ਪ੍ਰੇਰਿਤ ਕੀਤਾ ਜਾਵੇ।

4.10 ਪ੍ਰੀ-ਪ੍ਰਾਇਮਰੀ ਦਾ ਕਮਰਾ/ਕਾਰਨਰ ਖਾਸ ਤੌਰ ਤੇ ਚਾਰਟ, ਪੋਸਟਰ, ਬੈਨਰ, ਆਦਿ ਲਗਾ ਕੇ ਸਜਾਇਆ ਜਾਵੇ। ਪ੍ਰੀ-ਪ੍ਰਾਇਮਰੀ ਵਿੱਚ ਦਾਖਲ ਬੱਚਿਆਂ ਅਤੇ ਉਹਨਾਂ ਦੇ ਮਾਂ-ਬਾਪ ਅਤੇ ਇਸ ਮੌਕੇ ਬੁਲਾਏ ਗਏ ਪਤਵੰਤੇ ਸੱਜਣਾਂ ਨੂੰ ਖਾਸ ਤੌਰ ਤੇ ਤਿਆਰ ਕੀਤੇ ਇਸ ਕਮਰੇ ਵਿੱਚ ਲਿਜਾਇਆ ਜਾਵੇ। ਪ੍ਰੀ-ਪ੍ਰਾਇਮਰੀ ਜਮਾਤ ਲਈ ਤਿਆਰ ਕੀਤੇ ਕਮਰੇ ਵਿੱਚ ਬੱਚਿਆਂ ਵਲੋਂ ਕੀਤੇ ਗਏ ਕੰਮਾਂ ਦੀ ਪਰਦਸ਼ਨੀ ਲਗਾਈ ਜਾਵੇ।

5.0 ਪ੍ਰੀ-ਪ੍ਰਾਇਮਰੀ ਬਾਲ ਮੇਲੇ ਦੌਰਾਨ ਪ੍ਰੀ-ਪ੍ਰਾਇਮਰੀ ਜਮਾਤਾਂ ਲਈ ਨਵੇਂ ਦਾਖਲੇ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਜਾਵੇ ਅਤੇ 3-6 ਸਾਲ ਦੇ ਸਕੂਲੋਂ ਬਾਹਰ ਬੱਚਿਆਂ ਨੂੰ ਪ੍ਰੀ-ਪ੍ਰਾਇਮਰੀ ਜਮਾਤ ਵਿੱਚ ਦਾਖਲ ਕਰਾਉਣ ਲਈ ਉਹਨਾਂ ਦੇ ਮਾਪਿਆਂ ਨੂੰ ਪ੍ਰੇਰਿਤ ਕੀਤਾ ਜਾਵੇ।

6.0 ਜਿਹਨਾਂ ਸਕੂਲਾਂ ਵਿੱਚ ਆਗਣਵਾੜੀ ਸੈਂਟਰ ਸਕੂਲ ਕੈਂਪਸ ਵਿੱਚ ਚੱਲ ਰਹੇ ਹਨ, ਉਹਨਾਂ ਸੈਂਟਰਾਂ ਵਿੱਚ ਕੰਮ ਕਰ ਰਹੇ ਆਂਗਣਵਾੜੀ ਵਰਕਰ ਅਤੇ ਹੈਲਪਰ ਨੂੰ ਇੱਕ ਸਟਾਲ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ, ਜਿਥੇ ਉਹਨਾਂ ਵਲੋਂ ਬੱਚਿਆਂ ਦਾ ਕੱਦ, ਭਾਰ ਚੈੱਕ ਕੀਤਾ ਜਾ ਸਕਦਾ ਹੈ ਅਤੇ ਇਸ ਦੇ ਨਾਲ ਉਹਨਾਂ ਦੇ ਕੰਮ-ਕਾਜ ਨਾਲ ਜੁੜੀਆਂ ਹੋਰ ਗਤੀਵਿਧੀਆਂ ਵੀ ਕਰਵਾਈਆਂ ਜਾ ਸਕਦੀਆਂ ਹਨ।

7.0 ਪ੍ਰੀ-ਪ੍ਰਾਇਮਰੀ ਬਾਲ ਮੇਲੇ ਦੌਰਾਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਜ਼ਿੰਮੇਵਾਰੀ ਜਿਥੇ ਸਕੂਲ ਮੁੱਖੀ ਦੀ ਹੈ ਉਥੇ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਉਪ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਡਾਇਟ ਪ੍ਰਿੰਸੀਪਲ, ਬੀ.ਪੀ.ਈ.ਓ. ਅਤੇ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਦੀ ਟੀਮ ਦੀ ਵੀ ਹੋਵੇਗੀ। ਸਮੂਹ ਸਿੱਖਿਆ ਅਧਿਕਾਰੀ ਨਿੱਜੀ ਤੌਰ ਤੇ ਇਹਨਾਂ ਸਮਾਗਮਾਂ ਵਿੱਚ ਸ਼ਾਮਿਲ ਹੋਣ ਤਾਂ ਜੋ ਸਰਕਾਰ ਵੱਲੋਂ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਅਤੇ ਸੂਬੇ ਵਿੱਚ ਬੱਚਿਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੇ ਯਤਨ ਸਫ਼ਲ ਹੋ ਸਕਣ।

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ।**

ਪਿੱਠ ਅੰਕਣ ਨੰ:

ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਮਾਣਯੋਗ ਸਕੱਤਰ ਸਕੂਲ ਸਿੱਖਿਆ।
2. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
3. ਡਾਇਰੈਕਟਰ, ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

-ਸਹੀ-

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ।**